ਦਫਤਰ ਜ਼ਿਲ੍ਹਾ ਲੋਕ ਸੰਪਰਕ ਅਫਸਰ, ਫਾਜ਼ਿਲਕਾ

# ਅਬੋਹਰ ਵਿਖੇ ਹੈ ਏਸ਼ੀਆ ਦੀ ਪਹਿਲੀ ਖੁੱਲੀ ਜੰਗਲੀ ਜੀਵ ਸੈਂਚਰੀ

## ਅੰਗਰੇਜ਼ਾਂ ਵੱਲੋਂ ਜ਼ਮੀਨ ਪਟਾ ਏਰੀਆ ਘੋਸ਼ਤ ਕਰਕੇ ਸ਼ਿਕਾਰ ’ਤੇ ਲਗਾਈ ਸੀ ਪਾਬੰਦੀ

### ਭਾਈਚਾਰਕ ਸਾਂਝ ਨਾਲ ਰਹਿੰਦੇ ਨੇ ਬਿਸ਼ਨੋਈ ਸਮਾਜ ਤੇ ਹੋਰ ਧਰਮਾਂ ਦੇ ਲੋਕ

## 17 ਪਿੰਡਾਂ ਤੇ 46,513 ਏਕੜ ’ਚ ਫੈਲੀ ਹੈ ਇਹ ਸੈਂਚਰੀ

### ਜੰਗਲੀ ਜੀਵ ਵਿਭਾਗ ਵੱਲੋਂ ਸੈਂਚਰੀ ’ਚ ਰੱਖੀ ਜਾਂਦੀ ਹੈ ਤਿਖੀ ਨਜ਼ਰ

### 1975 ’ਚ ਹੋਂਦ ’ਚ ਆਈ ਸੀ ਇਹ ਸੈਂਚਰੀ

ਫਾਜ਼ਿਲਕਾ 18 ਸਤੰਬਰ

ਜ਼ਿਲ੍ਹੇ ਦੇ ਅਬੋਹਰ ਉਪਮੰਡਲ ਅਧੀਨ ਪੈਂਦੇ ਸੀਤੋ ਗੁੰਨੋ ਦੇ ਬਹੁਤਾਂਤ ਬਿਸ਼ਨੋਈ ਸਮਾਜ ਦੀ ਰਿਹਾਇਸ਼ੀ ਏਰੀਏ ’ਚ ਸਥਿਤ ਏਸ਼ੀਆ ਦੀ ਪਹਿਲੀ ਖੁੱਲੀ ਜੰਗਲੀ ਜੀਵ ਸੈਂਚਰੀ ਜੰਗਲੀ ਜੀਵਾਂ ਦੇ ਸੁਰੱਖਿਆ ਦੇ ਨਾਲ-ਨਾਲ ਸਭ ਧਰਮਾਂ ਵਿੱਚ ਆਪਸੀ ਭਾਈਚਾਰਕ ਸਾਂਝ ਨੂੰ ਬਰਕਰਾਰ ਰੱਖਣ ਵਿੱਚ ਸਹਾਈ ਸਿੱਧ ਹੋ ਰਹੀ ਹੈ। ਜੰਗਲੀ ਜੀਵ ਵਿਭਾਗ ਅਬੋਹਰ ਦੇ ਵਣ ਰੇਂਜ ਅਫਸਰ ਸ੍ਰੀ ਅਸ਼ੋਕ ਕੁਮਾਰ ਨੇ ਦੱਸਿਆ ਕਿ ਇਹ ਸੈਂਚਰੀ 1975 ’ਚ ਹੋਂਦ ਵਿੱਚ ਆਈ ਸੀ। ਉਨ੍ਹਾਂ ਦੱਸਿਆ ਕਿ ਇਸ ਤੋਂ ਪਹਿਲਾਂ ਅੰਗਰੇਜ਼ਾਂ ਵੱਲੋਂ ਵੀ ਬਿਸ਼ਨੋਈ ਸਮਾਜ ਦੀ

ਜ਼ਿਆਦਾ ਵਸੋਂ ਵਾਲੇ ਪਿੰਡਾਂ ’ਚ ਜ਼ਮੀਨ ਨੂੰ ਪਟਾ ਏਰੀਆ ਘੋਸ਼ਤ ਕਰਕੇ ਬਿਸ਼ਨੋਈ ਸਾਮਜ ਦੀਆਂ ਭਾਵਨਾਵਾਂ ਨੂੰ ਮੁੱਖ ਰੱਖਦਿਆਂ ਇਸ ਏਰੀਏ ਵਿੱਚ ਸ਼ਿਕਾਰ ਕਰਨ ’ਤੇ ਪਾਬੰਦੀ ਲਗਾਈ ਗਈ ਸੀ।

ਵਣ ਰੇਂਜ ਅਫਸਰ ਨੇ ਦੱਸਿਆ ਕਿ ਇਹ ਏਸ਼ੀਆ ਦੀ ਪਹਿਲੀ ਓਪਨ ਜੰਗਲੀ ਜੀਵ ਸੁਰੱਖਿਆ ਸੈਂਚਰੀ ਹੈ ਜ਼ੋ ਬਿਸ਼ਨੋਈ ਸਮਾਜ ਦੇ ਬਹੁਤਾਂਤ ਵਾਲੇ 17 ਪਿੰਡਾਂ ਦੇ ਲਗਭਗ 46513 ਏਕੜ ਰਕਬੇ ’ਚ ਫੈਲੀ ਹੋਈ ਹੈ। ਉਨ੍ਹਾਂ ਦੱਸਿਆ ਕਿ ਇਸ ਖੇਤਰ ’ਚ ਪੂਰਨ ਤੌਰ ’ਤੇ ਜੰਗਲੀ ਜੀਵਾਂ ਦੇ ਸ਼ਿਕਾਰ ਕਰਨ ਦੀ ਮਨਾਹੀ ਹੈ। ਇਸ ਸੈਂਚਰੀ ਵਿੱਚ ਕਾਲੇ ਹਿਰਨ, ਨੀਲ ਗਾਂਵਾਂ, ਮੋਰ, ਖਰਗੋਸ਼ ਤੇ ਤਿੱਤਰ ਆਦਿ ਜਾਨਵਰ ਖੁੱਲ੍ਹੇ ’ਚ ਆਪਣੀ ਆਜ਼ਾਦੀ ਨਾਲ ਰਹਿੰਦੇ ਹਨ। ਉਨ੍ਹਾਂ ਦੱਸਿਆ ਕਿ ਇਹ ਸੈਂਚਰੀ ਖੁੱਲ੍ਹੇ ’ਚ ਅਤੇ ਪ੍ਰਾਈਵੇਟ ਜ਼ਮੀਨ ’ਤੇ ਹੋਣ ਕਰਕੇ ਇਸ ਦੀ ਕਿਸੇ ਤਰ੍ਹਾਂ ਦੀ ਕੋਈ ਵੀ ਚਾਰ ਦੀਵਾਰੀ ਜਾ ਬਾਉਂਡਰੀ ਵਾਲ ਆਦਿ ਨਹੀਂ ਕੀਤੀ ਗਈ ਹੈ। ਇਸ ਕਰਕੇ ਸੈਂਚਰੀ ਏਰੀਏ ਤੋਂ ਬਾਹਰਲੇ 5 ਤੋਂ 7 ਕਿ:ਮੀ ਦੇ ਏਰੀਏ ਵਿੱਚ ਜੰਗਲੀ ਜਾਨਵਰ ਆਮ ਹੀ ਘੁੰਮਦੇ ਰਹਿੰਦੇ ਹਨ ਜ਼ੋ ਕਿ ਕਈ ਵਾਰ ਅਵਾਰਾ ਕੁੱਤਿਆਂ ਦਾ ਸ਼ਿਕਾਰ ਬਣ ਜਾਂਦੇ ਹਨ। ਉਨ੍ਹਾਂ ਦੱਸਿਆ ਕਿ ਇਸ ਸੈਂਚਰੀ ਵਿੱਚ ਰਹਿੰਦੇ ਜੰਗਲੀ ਜਾਨਵਰਾਂ ਦੀ ਸੁਰੱਖਿਆ ਲਈ ਹਰ ਸਮੇਂ ਵਿਭਾਗ ਵੱਲੋਂ ਤਿਖੀ ਨਜ਼ਰ ਰੱਖੀ ਜਾਂਦੀ ਹੈ। ਪਰ ਇਸ ਖੇਤਰ ਵਿੱਚ ਅਕਸਰ ਹੀ ਅਵਾਰਾ ਤੇ ਖੂੰਖਾਰ ਕੁੱਤੇ ਦਾਖਲ ਹੋ ਕੇ ਜੰਗਲੀ ਜਾਨਵਰਾਂ ਨੂੰ ਨੁਕਸਾਨ ਪਹੁੰਚਾਉਂਦੇ ਰਹਿੰਦੇ ਹਨ।

ਜੰਗਲੀ ਜੀਵ ਵਿਭਾਗ ਦੇ ਅਧਿਕਾਰੀ ਨੇ ਦੱਸਿਆ ਕਿ ਬੀਤੇ ਦਿਨੀਂ ਜ਼ੋ ਅਵਾਰਾ ਕੁੱਤਿਆਂ ਦੁਆਰਾ ਹਿਰਨ ’ਤੇ ਹਮਲਾ ਕੀਤਾ ਗਿਆ ਸੀ ਉਹ ਹਿਰਨ

ਸੈਂਚੁਰੀ ਏਰੀਏ ਤੋਂ ਬਾਹਰਲੇ ਖੇਤਰ ’ਚ ਘੁੰਮ ਰਿਹਾ ਸੀ। ਉਨ੍ਹਾਂ ਦੱਸਿਆ ਕਿ ਸੂਚਨਾ ਮਿਲਣ ’ਤੇ ਜਦੋਂ ਮੌਕੇ ’ਤੇ ਪਹੁੰਚੇ ਤਾਂ ਅਵਾਰਾ ਕੁੱਤੇ ਹਿਰਨ ਦਾ ਕਾਫੀ ਹਿਸਾ ਖਾ ਚੁੱਕੇ ਸਨ। ਪਰ ਰਾਤ ਦਾ ਸਮਾਂ ਹੋਣ ਕਰਕੇ ਉਸਨੂੰ ਬਚਾਇਆ ਨਹੀਂ ਜਾ ਸਕਿਆ। ਬਿਸ਼ਨੋਈ ਰੀਤੀ ਰਿਵਾਜ ਅਨੁਸਾਰ ਮਰ ਚੁੱਕੇ ਹਿਰਨ ਨੂੰ ਉਥੇ ਹੀ ਦਫਨਾ ਦਿੱਤਾ ਗਿਆ। ਜੰਗਲੀ ਜੀਵ ਵਿਭਾਗ ਦੇ ਅਧਿਕਾਰੀ ਨੇ ਦੱਸਿਆ ਕਿ ਵਿਭਾਗ ਕੋਲ ਇਸ ਸੈਂਚਰੀ ਵਿੱਚ ਸ਼ੁਰੂ ਤੋਂ ਹੀ ਅਜੇ ਤੱਕ ਕੋਈ ਆਪਣਾ ਵਿਭਾਗੀ ਡਾਕਟਰ ਨਹੀਂ ਹੈ ਉਨ੍ਹਾਂ ਨੂੰ ਹਮੇਸ਼ਾ ਵੈਟਨਰੀ ਵਿਭਾਗ ਦੇ ਡਾਕਟਰ ਤੋਂ ਹੀ ਮਦਦ ਲੈਣੀ ਪੈਂਦੀ ਹੈ।